This question paper contains 3 printed pages]

Your Roll No................

446

**B.A. (PROGRAMME)/III** **J**

(R)

PUNJABI DISCIPLINE—Paper III

**(Optional)**

(For Students who have studied Punjabi upto 10th)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠ ਲਿਖੀਆਂ ਕਾਵਿ-ਪੰਕਤੀਆਂ ਵਿਚੋਂ ਕਿਸੀ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਬੁਲ੍ਹਾ ਸ਼ੌਹ ਅਸੀਂ ਤੇਰੇ ਪਿਆਰੇ ਹਾਂ
ਮੁਖ ਵੇਖਣ ਦੇ ਵਣਜਾਰੇ ਹਾਂ
ਕੁਝ ਅਸੀਂ ਭੀ ਤੈਨੂੰ ਪਿਆਰੇ ਹਾਂ
ਕਿ ਮਹੀਉਂ ਘੋਲ ਘੁਮਾਈ
ਮੈਂ ਵਿਚ ਮੈਂ ਨਹੀਂ ਰਹੀਆ ਕਾਈ ।

(ਅ) ਮਾਉਂ ਬੈਠੀ ਸੱਸੀ ਨੂੰ ਆਖੇ, ਕਿਉਂ ਕਮਲੀ ਫਿਰੇ ਦਿਵਾਨੀ

ਮਾਏ ਰੋਗ ਲਗੇ ਤਾਂ ਜਾਣੇਂ, ਕੀ ਜਾਣੇਂ ਪੀੜ ਬੇਗਾਨੀ ।

ਜਿਸਦੇ ਨਾਲ ਮੇਰੀ ਜਿੰਦ ਅਟਕੀ, ਸੋਈ ਛੋੜ ਗਿਆ ਦਿਲ ਜਾਨੀ ।

ਹਾਸ਼ਮ ਸਬਰ ਨ ਆਵੇ ਦਿਲ ਨੂੰ, ਮੇਰੀ ਵਿਸਰੀ ਹੋਸ਼ ਜਹਾਨੀਂ । 5

2. ਪਾਠ-ਪੁਸਤਕ 'ਮੱਧਕਾਲੀਨ ਪੰਜਾਬੀ ਕਾਵਿ' ਉੱਤੇ ਆਧਾਰਿਤ ਮੱਧਕਾਲੀ ਪੰਜਾਬੀ ਕਵਿਤਾ ਦੇ ਵਿਕਾਸ ਉੱਪਰ ਚਰਚਾ ਕਰੋ ।

ਜਾਂ

'ਮੱਧਕਾਲੀਨ ਪੰਜਾਬੀ ਕਾਵਿ' ਵਿਚੋਂ ਕਿਸੇ **ਇਕ** ਕਵਿਤਾ ਦੀ ਸਾਹਿਤਕ ਆਲੋਚਨਾ ਕਰੋ । 10

3. 'ਕਥਾ ਪੰਜਾਬ' ਦੇ ਆਰੰਭ ਵਿਚ 'ਕਹਾਣੀ ਅਤੇ ਪੰਜਾਬੀ ਕਹਾਣੀ' ਨਾਮਕ ਨਿਬੰਧ ਵਿਚ ਡਾ. ਹਰਿਭਜਨ ਸਿੰਘ ਦੇ ਵਿਚਾਰਾਂ ਨੂੰ ਸੰਖੇਪ ਵਿਚ ਲਿਖੋ ।

ਜਾਂ

ਪਾਠ-ਪੁਸਤਕ 'ਕਥਾ ਪੰਜਾਬ' ਵਿਚ ਸ਼ਾਮਿਲ ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਸਾਰ ਲਿਖੋ :

(*i*) ਰਾਮ ਲੀਲ੍ਹਾ

(*ii*) ਖਸਮਾਂ ਖਾਣੇ;

(*iii*) ਕਰਾਮਾਤ । 15

4. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ ਹਨ ? ਵਿਸਤਾਰ ਵਿਚ ਚਰਚਾ ਕਰੋ ।

ਜਾਂ

ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ । 15

5. ਪਾਠ-ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' (1700-1900 ਈ. ਤਕ) ਵਿਚਲੇ "ਵਾਰ ਕਾਵਿ" ਨਾਮਕ ਅਧਿਆਇ ਬਾਰੇ ਚਰਚਾ ਕਰੋ ।

ਜਾਂ

1700-1850 ਈ. ਤਕ ਦੇ ਚਰਚਿਤ ਪੰਜਾਬੀ ਕਿੱਸਾਕਾਰਾਂ ਦੇ ਯੋਗਦਾਨ ਬਾਰੇ ਵਿਸਤ੍ਰਿਤ ਨੋਟ ਲਿਖੋ । 15

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦਾ ਸੰਖੇਪ ਉੱਤਰ ਦਿਉ :

(*i*) ਤੁਹਾਡੀ ਪਾਠ-ਪੁਸਤਕ ਵਿਚ ਬੁਲ੍ਹੇ ਸ਼ਾਹ ਦੀ ਰਚਨਾ ਕਿਸ ਕਾਵਿ-ਰੂਪ ਵਿਚ ਮਿਲਦੀ ਹੈ ?

(*ii*) 'ਹੀਰ ਵਾਰਿਸ' ਦਾ ਆਰੰਭ ਕਿਸ ਕਾਵਿ-ਰੂੜੀ ਨਾਲ ਹੁੰਦਾ ਹੈ ?

(*iii*) 'ਪੰਜਾਬੀ ਸਾਹਿਤ ਦਾ ਮੁੱਢ ਵਾਰਾਂ ਨਾਲ ਬੱਝਾ ਪਰ ਉਨ੍ਹਾਂ ਦੀ ਉਸਾਰੀ ਵੀ ਕਹਾਣੀ ਉੱਪਰ ਵੀ ਹੈ' – ਇਸ ਕਥਨ ਨਾਲ ਤੁਸੀਂ ਕਿੱਥੋਂ ਤਕ ਸਹਿਮਤ ਹੋ ?

(*iv*) ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਸਪੱਸ਼ਟ ਕਰੋ ।

(*v*) 19ਵੀਂ ਸਦੀ ਦੇ ਪ੍ਰਸਿੱਧ ਸੂਫ਼ੀ ਕਵੀਆਂ ਦੇ ਨਾਂ ਦਸੋ । 3×5=15